# ਵਿਦਿਅਕ ਮਨੋਵਿਗਿਆਨਕ ਸੇਵਾ

Wigan Council

## *ਮਾਤਾ-ਪਿਤਾ ਅਤੇ ਕੇਅਰਰਾਂ ਲਈ ਜਾਣਕਾਰੀ*

ਪੰਜਾਬੀ ਤਰਜਮਾ

**PUNJABI VERSION**







ਬੱਚਿਆਂ ਅਤੇ ਨੌਜਵਾਨ ਵਿਅਕਤੀਆਂ ਬਾਰੇ ਸੇਵਾਵਾਂ

## ਇਕ ਵਿਦਿਅਕ ਮਨੋਵਿਗਿਆਨੀ ਕਿਉਂ?

ਕੰਮ, ਜੋ ਸਾਡੇ ਵਲੋਂ ਕੀਤੇ ਜਾ ਸਕਦੇ ਹਨ, ਦੇ ਕੁਝ ਉਦਾਹਰਣਾਂ ਵਿਚ ਸ਼ਾਮਿਲ ਹੋਣਗੇ:



- ਆਪਣੇ ਬੱਚੇ ਦੀ ਬਿਹਤਰ ਪੜ੍ਹਾਈ ਵਿਚ ਮਦਦ ਕਰਨਾ
- ਸਕੂਲ ਸਟਾਫ਼/ਮਾਤਾ-ਪਿਤਾ ਨਾਲ ਸਿੱਖਣ ਦੇ ਪ੍ਰੋਗਰਾਮਾਂ ਨਾਲ ਵਿਚਾਰ ਕਰਨਾ
- ਸਟਾਫ਼ ਦੀ ਸਿਖਲਾਈ ਅਤੇ ਵਿਕਾਸ ਵਿਚ ਸਹਾਇਤਾ ਕਰਨਾ
- ਇਕ ਬਹੁ-ਪੇਸ਼ੇਵਰ ਤਰੀਕੇ ਨਾਲ ਹੋਰ ਸਾਥੀਆਂ ਨਾਲ ਕੰਮ ਕਰਨਾ

## ਸੇਵਾ ਮਿਸ਼ਨ ਦਾ ਕਥਨ

> “ਇਹ ਸੇਵਾ ਇਕ ਵਿਦਿਅਕ ਮਾਹੌਲ ਦੇ ਵਿਕਾਸ ਅਤੇ ਸਹਾਇਤਾ ਵਿਚ ਮਨੋਵਿਗਿਆਨ ਨੂੰ ਲਾਗੂ ਕਰੇਗੀ, ਜਿਸ ਵਿਚ ਸਾਰੇ ਬੱਚਿਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਅਤੇ ਮੁੱਲ ਪਾਇਆ ਜਾਂਦਾ ਹੈ ਅਤੇ ਜਿਸ ਵਿਚ, ਉਹਨਾਂ ਨੂੰ ਭਰੇ-ਪੂਰੇ ਬਾਲਗ ਬਣਨ ਦਾ ਹਰ ਮੌਕਾ ਮਿਲਦਾ ਹੈ।”



ਅਸੀਂ ਆਪਣੀ ਸ਼ਮੂਲੀਅਤ ਬਾਰੇ ਤੁਹਾਡੇ ਪ੍ਰਤੀਕਰਮ ਦਾ ਸੁਆਗਤ ਕਰਦੇ ਹਾਂ।

ਕਿਰਪਾ ਕਰਕੇ ਇਸ ਲੀਫ਼ਲੈਟ ਦੇ ਪਿਛਲੇ ਪਾਸੇ ਦਿਤੇ ਗਏ ਵੇਰਵਿਆਂ ਦੀ ਵਰਤੋਂ ਕਰਦਿਆਂ ਸਾਡੇ ਨਾਲ ਸੰਪਰਕ ਕਰੋ।

## ਵਿਦਿਅਕ ਮਨੋਵਿਗਿਆਨੀ

**ਸਾਡੇ ਕੰਮ ਵਿਚ, ਸਕੂਲਾਂ ਅਤੇ ਮੁਢਲੇ ਸਾਲਾਂ ਲਈ ਵਿਸ਼ੇਸ਼ ਵਿਦਿਅਕ ਲੋੜਾਂ ਬਾਰੇ ਕੋਆੱਰਡੀਨੇਟਰ (SENCO's) ਨਾਲ ਬਾਕਾਇਦਾ ਮੀਟਿੰਗਾਂ ਰਾਹੀਂ ਤਰਜੀਹ ਦਿਤੀ ਜਾਂਦੀ ਹੈ**

ਮਨੋਵਿਗਿਆਨਕ, ਸਮਸਿਆ ਹੱਲ ਕਰਨ, ਓਵਰਟਾਈਮ ਕੰਮ ਕਰਨ, ਵਿਅਕਤੀਗਤ ਮੁਲਾਂਕਣ, ਨਿਰੀਖਣ, ਪ੍ਰਬੰਧ ਬਿਹਤਰ ਕਰਨ ਲਈ ਥਾਵਾਂ ਨੂੰ ਮਦਦ ਕਰਨ ਵਰਗੇ ਤਰੀਕਿਆਂ ਵਿਚ ਕੰਮ ਕਰ ਸਕਦਾ ਹੈ

ਸਾਰੀ ਜਾਣਕਾਰੀ ਨਾਲ, ਵਿਗਨ ਕੌਂਸਲ ਸੇਧਾਂ ਦੇ ਅੰਦਰ-ਅੰਦਰ ਰਾਜ਼ਦਾਰੀ ਨਾਲ ਵਿਹਾਰ ਕੀਤਾ ਜਾਏਗਾ

ਅਸੀਂ ਬਾਹਰ ਦੀਆਂ ਏਜੰਸੀਆਂ ਤੋਂ ਹਵਾਲੇ ਨਹੀਂ ਲੈਂਦੇ, ਪਰ ਇਹਨਾਂ ਬਾਰੇ ਸਕੂਲ ਨਾਲ ਵਿਚਾਰ ਕਰਾਂਗੇ

ਅਸੀਂ ਉਦੋਂ ਹੀ ਸ਼ਾਮਿਲ ਹੁੰਦੇ ਹਾਂ, ਜਦੋਂ ਮਾਤਾ-ਪਿਤਾ/ਕੇਅਰਰ/ਨੌਜਵਾਨ ਵਿਅਕਤੀ ਦੀ ਮੰਜ਼ੂਰੀ ਹਾਸਲ ਕੀਤੀ ਜਾਂਦੀ ਹੈ

ਪ੍ਰਤੀਕਰਮ, ਸਾਡੇ ਕੰਮ ਤੋਂ ਹੋਏਗਾ

ਤੁਹਾਡੀ ਸਹਿਮਤੀ ਤੋਂ ਬਿਨਾ, ਕੋਈ ਕਾਰਵਾਈ ਨਹੀਂ ਹੋਏਗੀ, ਸਿਵਾਇ ਜਿਥੇ ਇਸ ਵਿਚ ਤੁਹਾਡੀ ਸੁਰੱਖਿਆ ਸ਼ਾਮਿਲ ਹੁੰਦੀ ਹੈ

ਤੁਹਾਡੇ ਵਿਚਾਰ ਮਹੱਤਵਪੂਰਣ ਹਨ ਅਤੇ ਇਹ, ਤੁਹਾਡੇ ਬੱਚੇ ਨਾਲ ਕੰਮ ਦਾ ਹਿੱਸਾ ਬਣਨਗੇ

ਅਸੀਂ ਸਮਸਿਆ ਹੱਲ ਕਰਨ ਸਬੰਧੀ ਗੱਲਾਂ-ਬਾਤਾਂ ਰਾਹੀਂ ਸਿਖਣ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ, ਮੁੱਖ ਤੌਰ 'ਤੇ ਸਕੂਲਾਂ/ਮੁਢਲੇ ਸਾਲਾਂ ਦੀਆਂ ਥਾਵਾਂ ਨਾਲ ਕੰਮ ਕਰਦੇ ਹਾਂ

ਸੇਵਾ ਵਿਚ ਸਾਰੇ ਮਨੋਵਿਗਿਆਨੀਆਂ ਕੋਲ ਵਿਦਿਅਕ ਮਨੋਵਿਗਿਆਨ ਵਿਚ ਪੇਸ਼ੇਵਰ ਯੋਗਤਾ ਅਤੇ ਅੱਗੋਂ ਦੀ ਸਿਖਲਾਈ ਹੈ



ਅਸੀਂ, ਤੁਹਾਡੇ ਬੱਚੇ ਨਾਲ ਗੱਲ ਕਰਨਾ ਚਾਹ ਸਕਦੇ ਹਾਂ, ਪਰ ਕਈ ਵਾਰੀ ਅਸੀਂ ਸਕੂਲ ਅਤੇ/ਜਾਂ ਤੁਹਾਡੇ ਨਾਲ ਸਿੱਧਿਆਂ ਕੰਮ ਕਰਾਂਗੇ

ਅਸੀਂ ਸਕੂਲ, ਮਾਤਾ-ਪਿਤਾ/ਕੇਅਰਰਾਂ, ਸਿੱਖਣ/ਵਿਹਾਰ ਦੀ ਸਹਾਇਤਾ ਸੇਵਾ, ਮੁਢਲੇ ਸਾਲਾਂ ਦੇ ਉਹਨਾਂ ਵਰਕਰਾਂ ਅਤੇ ਟੀਮਾਂ ਨਾਲ ਭਾਈਵਾਲੀ ਵਿਚ ਕੰਮ ਕਰਾਂਗੇ, ਜੋ ਮਾਨਸਿਕ ਸਿਹਤ/ਡਾਕਟਰੀ ਸੇਵਾਵਾਂ ਮੁਹਈਆ ਕਰਦੇ ਹਨ।

ਇਹ ਲੀਫ਼ਲੈਟ, ਹੋਰਨਾਂ ਭਾਸ਼ਾਵਾਂ, ਔਡੀਓ ਟੇਪ ਜਾਂ ਸੀਡੀ ਅਤੇ ਵੱਡੇ ਅੱਖਰਾਂ ਵਿਚ ਉਪਲਬਧ ਹੈ।

ਬੱਚਿਆਂ ਅਤੇ ਨੌਜਵਾਨ ਵਿਅਕਤੀਆਂ ਬਾਰੇ ਸੇਵਾਵਾਂ, ਬਰਾਬਰੀ ਨੂੰ ਉਤਸਾਹਿਤ ਕਰਦੀਆਂ ਅਤੇ ਭਿੰਨਤਾ ਨੂੰ ਸਲਾਹੁੰਦੀਆਂ ਹਨ।

---

Help4Me - ਬੱਚਿਆਂ ਅਤੇ ਨੌਜਵਾਨ ਵਿਅਕਤੀਆਂ ਬਾਰੇ ਸੇਵਾਵਾਂ ਦੀ ਡਾਇਰੈਕਟਰੀ
www.help4me.info

Wigan Investment Centre
Waterside Drive
Wigan WN3 5BA
Tel: 01942 705422
Fax: 01942 705323